## 7.1.4 Glimpses of the Institutional Efforts /Initiatives organised for providing an Inclusive Environment (Tolerance and Harmony towards cultural, regional, linguistic, communal and socio-economic diversities during the Last Five Years

### Measures Initiated for the inclusive environment for Cultural and Regional Tolerance and Harmony

**Signature Campaign to Celebrate Pollution Free Diwali was organised by college on 01/11/18 to motivate and encourage students to celebrate pollution free Diwali. All the students and faculty participated very enthusiastically.**




ਮੈਂ ਸਹੁੰ ਖਾਂਦਾ/ਖਾਂਦੀ ਹਾਂ ਕਿ ਦੀਵਾਲੀ ਦਾ ਤਿਉਹਾਰ
ਪ੍ਰਦੂਸ਼ਣ ਰਹਿਤ ਮਨਾਵਾਂਗਾ
ਪਰਾਲੀ ਨੂੰ ਅੱਗ ਨਾ ਲਾਉਣ ਲਈ ਪ੍ਰੇਰਿਤ ਕਰਾਂਗਾ
ਵੱਲੋਂ: ਜਿਲ੍ਹਾ ਪ੍ਰਸ਼ਾਸਨ ਮਾਨਸਾ, ਯੁਵਕ ਸੇਵਾਵਾ ਵਿਭਾਗ, ਨਹਿਰੂ ਯੁਵਾ ਕੇਂਦਰ
ਸਮੂਹ NSS ਵਲੰਟੀਅਰ, ਰੈੱਡ ਰਿਬਨ ਕਲੱਬ, ਮਾਨਸਾ


ਮੈਂ ਸਹੁੰ ਖਾਂਦਾ/ਖਾਂਦੀ ਹਾਂ ਕਿ ਦੀਵਾਲੀ ਦਾ ਤਿਉਹਾਰ
ਪ੍ਰਦੂਸ਼ਣ ਰਹਿਤ ਮਨਾਵਾਂਗਾ
ਪਰਾਲੀ ਨੂੰ ਅੱਗ ਨਾ ਲਾਉਣ ਲਈ ਪ੍ਰੇਰਿਤ ਕਰਾਂਗਾ

**GNC organised Sri Akhand Path Sahib on 21-22-23/11/2018 to promote to guide students about the importance of sharing, hard work, honesty and simplicity in the development of society. The Ardas was done to promote world peace.**



**One-Day Seminar on "Guru Nanak Philosophy And Sikh Institutes: Situation and Direction" was organised by the college on 01/04/2019. In this seminar the resource persons Dr. Harpal Singh Pannu, Dr.Sarbjinder Singh and Dr. Sikandar Singh spread light on the Philosophy of Sri Guru Nanak Dev Ji. They informed in depth about the Guru Nanak Dev Ji's view about a tolerant and harmonious society free of any type of discriminations like caste, religion, language, region and how Guru Ji guided people for social and cultural unity.**





# ਗੁਰੂ ਨਾਨਕ ਦੇਵ ਜੀ ਦੇ 550 ਸਾਲਾਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੈਮੀਨਾਰ ਕਰਵਾਇਆ

## ਸਿੱਖ ਪੰਥ ਨੂੰ ਦਰਪੇਸ਼ ਚੁਣੌਤੀਆਂ ਉੱਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਡੱਟ ਕੇ ਪਹਿਰਾ ਦੇਵੇਗੀ-ਭਾਈ ਲੌਂਗੋਵਾਲ

ਚੀਮਾ ਮੰਡੀ, 2 ਅਪ੍ਰੈਲ (ਦਲਜੀਤ ਸਿੰਘ ਮੱਕੜ)- ਗੁਰੂ ਨਾਨਕ ਕਾਲਜ ਬੁਢਲਾਡਾ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀ ਅਗਵਾਈ ਹੇਠ ਇੱਕ ਰੋਜ਼ਾ ਸੈਮੀਨਾਰ "ਗੁਰੂ ਨਾਨਕ ਦਰਸ਼ਨ ਤੇ ਸਿੱਖ ਸੰਸਥਾਵਾਂ : ਦਸ਼ਾ ਤੇ ਦਿਸ਼ਾ' ਵਿਸ਼ੇ 'ਤੇ ਕਰਵਾਇਆ ਗਿਆ ਜਿਸ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਤੇ ਡਾ. ਹਰਪਾਲ ਸਿੰਘ ਪੰਨੂ ਕੇਂਦਰੀ ਯੂਨੀਵਰਸਿਟੀ ਬਠਿੰਡਾ, ਡਾ. ਸਰਬਜਿੰਦਰ ਸਿੰਘ ਪ੍ਰੋਫੈਸਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਡਾ. ਸਿਕੰਦਰ ਸਿੰਘ ਸਹਾਇਕ ਪ੍ਰੋਫੈਸਰ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਸ੍ਰੀ ਫਤਹਿਗੜ੍ਹ ਸਾਹਿਬ ਵੀ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਪਹੁੰਚੇ । ਕਾਲਜ ਪ੍ਰਿੰਸੀਪਲ ਡਾ.ਕੁਲਦੀਪ ਸਿੰਘ ਬੱਲ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆ ਕਿਹਾ ਤੇ ਸੈਮੀਨਾਰ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ 550 ਸਾਲਾਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਸ ਸੈਮੀਨਾਰ ਦਾ ਮੁੱਖ ਮਕਸਦ ਗੁਰੂ ਸਾਹਿਬਾਨ ਦੇ ਫਲਸਫੇ ਨੂੰ ਵਿਦਿਆਰਥੀਆ ਦੇ ਸਾਹਮਣੇ ਰੱਖਣਾ ਹੈ । ਡਾ. ਸਿਕੰਦਰ ਸਿੰਘ ਨੇ ਭਾਰਤੀ ਰਾਸ਼ਟਰਵਾਦ ਦੇ ਪ੍ਰਭਾਵ ਤਹਿਤ ਪੰਜਾਬ ਨੂੰ ਪੇਸ਼ ਆ ਰਹੀਆ ਸਮੱਸਿਆਵਾਂ ਬਾਰੇ ਚਾਨਣਾ ਪਾਇਆ । ਪ੍ਰਧਾਨਗੀ ਭਾਸ਼ਣ 'ਚ ਭਾਈ ਗੋਬਿੰਦ ਸਿੰਘ ਲੌਂਗੋਵਾਲ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਨੇ ਕਿਹਾ ਕਿ ਅਜੋਕੇ ਸਮੇਂ 'ਚ ਸਿੱਖ ਪੰਥ ਨੂੰ ਦਰਪੇਸ਼ ਚੁਣੌਤੀਆਂ ਉੱਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਡੱਟ ਕੇ ਪਹਿਰਾ ਦੇਵੇਗੀ ਤੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਡਾ. ਸਰਬਜਿੰਦਰ ਸਿੰਘ, ਡਾ. ਹਰਪਾਲ ਸਿੰਘ ਪੰਨੂ ਨੇ ਵੀ ਆਪਣੇ ਵਿਚਾਰ ਰੱਖੇ। ਕਾਲਜ ਦੇ ਵਾਈਸ ਪ੍ਰਿੰਸੀਪਲ ਡਾ.(ਮੇਜਰ) ਜਸਪਾਲ ਸਿੰਘ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ । ਮੰਚ ਸੰਚਾਲਣ ਪ੍ਰੋ. ਗੁਰਦੀਪ ਸਿੰਘ ਦੁਆਰਾ ਕੀਤਾ ਗਿਆ। ਇਸ ਮੌਕੇ ਡਾਇਰੈਕਟਰ ਵਿਦਿਆ ਡਾ. ਜਤਿੰਦਰ ਸਿੰਘ ਸਿੱਧੂ, ਸ਼੍ਰੋਮਣੀ ਕਮੇਟੀ ਮੈਂਬਰ ਬਾਬਾ ਬੂਟਾ ਸਿੰਘ ਗੁਰਥੜੀ , ਮਨਜੀਤ ਸਿੰਘ ਬੱਪੀਆਣਾ, ਗੁਰਪ੍ਰੀਤ ਸਿੰਘ ਝੱਬਰ, ਸੁਰਜੀਤ ਸਿੰਘ ਰਾਏਪੁਰ ਤੇ ਹਰਬੰਤ ਸਿੰਘ ਦਾਤੇਵਾਸ ਹਾਜ਼ਰ ਸਨ।



ਸੈਮੀਨਾਰ ਦੌਰਾਨ ਭਾਈ ਲੌਂਗੋਵਾਲ ਦਾ ਸਨਮਾਨ ਕਰਨ ਸਮੇਂ ਪ੍ਰਿੰਸੀਪਲ ਡਾ. ਕੁਲਦੀਪ ਸਿੰਘ ਬੱਲ ਤੇ ਹੇਠਾਂ ਹਾਜ਼ਰ ਵਿਦਿਆਰਥੀ ।

ਤਸਵੀਰਾਂ : ਮੱਕੜ

ਅਜੀਤ
03-Apr-2019
Page: 8
ttp://epaper.ajitjalandhar.com/edition/20190403/14/8.cms

**Religious Quiz Competitions were organised by NSS on 5/11/2019. The questions related with all the religions were asked in this quiz competition. The objective of this competition was to aware the students about the common message of all the religions for a discrimination free harmonious society.**





**Kirtan Darvar on Basant Panchmi on 15-2-2021 was organised by Guru Nanak College Budhlada to spread awareness on importance of patience for cultural and social unity.**



**Guest lecture dedicated to Communal Harmony through MIL CLICKS was organised by Department of Library and Information Science**






**Online Keertan Darbar was organised by Dept of Music on the occasion of Gurpurab of Sri Guru Nanak Dev Ji (01 Dec 2020) by Bhai Hardeep Singh**




**Dept of Computer Science organised Two days trip to Sri Amritsar Sahib on 20-03-21**



**Department of Commerce & Management organized a lecture on "Martyrdom Day of Sri Guru Teg Bahadur Ji" on 23 November, 2021 to make students conscious about the universal message provided by Sri Guru Teg Bahadur Ji for religious tolerance for a peaceful society.**










**Department of Fashion Technology and Home Science organized a tour to Darbar Sahib, Jallianwala Bagh Amritsar Bagha Border, Amritsar Punjab (India) on 10-04-2022 to 11-04-2022 to make students aware about social service, human values and peace.**




स्वर्ण जयन्ती द्वार

**Department of Punjabi organized an Educational Tour of Paunta Sahib on 14-16 April 2022 to make students aware about the value of social engagement in human life**



# ਗੁਰੂ ਨਾਨਕ ਕਾਲਜ ਬੁਢਲਾਡਾ ਦੇ ਵਿਦਿਆਰਥੀਆਂ ਨੇ ਲਗਾਇਆ ਤਿੰਨ ਦਿਨਾਂ ਵਿੱਦਿਅਕ ਟੂਰ

ਬੁਢਲਾਡਾ, (ਗੁਰਵਿੰਦਰ ਸਿੰਘ ਚਹਿਲ) : ਗੁਰੂ ਨਾਨਕ ਕਾਲਜ ਬੁਢਲਾਡਾ ਦੇ ਪੋਸਟ-ਗ੍ਰੈਜੂਏਟ ਪੰਜਾਬੀ ਵਿਭਾਗ ਵੱਲੋਂ ਪ੍ਰਿੰਸੀਪਲ ਡਾ. ਕੁਲਦੀਪ ਸਿੰਘ ਬੱਲ ਦੀ ਸਰਪ੍ਰਸਤੀ ਅਤੇ ਮੁਖੀ ਪੰਜਾਬੀ ਵਿਭਾਗ ਡਾ. ਸਤਗੁਰ ਸਿੰਘ ਦੀ ਰਹਿਨੁਮਾਈ ਹੇਠ ਤਿੰਨ ਰੋਜ਼ਾ ਵਿੱਦਿਅਕ ਟੂਰ ਦਾ ਆਯੋਜਨ ਕੀਤਾ ਗਿਆ। ਇਸ ਵਿਦਿਅਕ ਟੂਰ ਵਿੱਚ ਵਿਭਾਗ ਦੇ 55 ਵਿਦਿਆਰਥੀ ਸਾਮਲ ਹੋਏ। ਵਿਭਾਗ ਦੇ ਮੁਖੀ ਡਾ. ਸਤਗੁਰ ਸਿੰਘ ਦੀ ਸੁਯੋਗ ਅਗਵਾਈ ਸਦਕਾ ਇਹ ਟੂਰ ਗਿਆਨ ਭਰਪੂਰ ਤੇ ਮਨੋਰੰਜਨਮਈ ਹੋ ਨਿਬੜਿਆ।ਇਸ ਸਬੰਧੀ ਜਾਣਕਾਰੀ ਦਿੰਦਿਆ ਉਹਨਾਂ ਕਿਹਾ ਕਿ ਵਿਦਿਅਕ ਟੂਰ ਸਿੱਖਿਆ ਪ੍ਰਣਾਲੀ ਦਾ ਮਹੱਤਵਪੂਰਨ ਹਿੱਸਾ ਹੁੰਦੇ ਹਨ ਜਿਹੜੇ ਵਿੱਦਿਅਕ ਸੰਸਥਾਵਾਂ ਅਤੇ ਵਿਦਿਆਰਥੀਆਂ ਦੇ ਬੌਧਿਕ ਤੇ ਸਮਾਜਿਕ ਵਿਕਾਸ ਲਈ ਮਹੱਤਵਪੂਰਨ ਰੋਲ ਅਦਾ ਕਰਦੇ ਹਨ। ਵਿਭਾਗ ਵੱਲੋਂ ਇਤਿਹਾਸਕ ਤੇ ਰੁਮਾਂਚਿਕ ਸਥਾਨਾਂ ਪਾਉਂਟਾ ਸਾਹਿਬ, ਦੇਹਰਾਦੂਨ ਅਤੇ ਰਿਸ਼ੀਕੇਸ਼ ਦਾ ਸਫ਼ਲ ਟੂਰ ਲਗਾਇਆ ਗਿਆ। ਵਿਭਾਗ ਦੇ ਸੀਨੀਅਰ ਅਧਿਆਪਕ ਡਾ. ਰਾਜਨਦੀਪ ਕੌਰ ਨੇ ਇਸ ਟੂਰ ਦੌਰਾਨ ਇਨ੍ਹਾਂ ਸਥਾਨਾਂ ਦੀ ਇਤਿਹਾਸਕ ਮਹੱਤਤਾ ਬਾਰੇ ਜਾਣੂ ਕਰਵਾਇਆ। ਇਸ ਟੂਰ ਦੌਰਾਨ ਪ੍ਰੋਫੈਸਰ ਆਨੰਦ ਵਰਧਨ, ਡਾ. ਬਲਜਿੰਦਰ ਕੌਰ, ਪ੍ਰੋਫੈਸਰ ਅਵਤਾਰ ਸਿੰਘ, ਪ੍ਰੋਫੈਸਰ ਬੀਰਪਾਲ ਕੌਰ, ਪ੍ਰੋਫੈਸਰ ਰੁਪਿੰਦਰ ਕੌਰ, ਪ੍ਰੋਫੈਸਰ ਕਰਮਜੀਤ ਕੌਰ ,ਪ੍ਰੋਫੈਸਰ ਸੁਖਜੀਤ ਕੌਰ ਨੇ ਇਸ ਟੂਰ ਵਿਚ ਬਹੁਤ ਹੀ ਸੁਹਿਰਦਤਾ ਨਾਲ ਆਪਣੀ ਡਿਊਟੀ ਨਿਭਾ ਕੇ ਟੂਰ ਨੂੰ ਸਫਲ ਬਣਾਉਣ ਵਿਚ ਮੁੱਲਵਾਨ ਯੋਗਦਾਨ ਪਾਇਆ । ਸਾਰੇ ਵਿਦਿਆਰਥੀਆਂ ਨੇ ਅਧਿਆਪਕਾਂ ਨਾਲ ਹਰ ਤਰ੍ਹਾਂ ਦਾ ਸਹਿਯੋਗ ਕਰ ਕੇ ਟੂਰ ਨੂੰ ਸਫਲ ਬਣਾਉਣ ਵਿੱਚ ਸ਼ਲਾਘਾਯੋਗ ਭੂਮਿਕਾ ਨਿਭਾਈ। ਵਿਭਾਗ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਇਸ ਯਾਤਰਾ ਦਾ ਖੂਬ ਆਨੰਦ ਮਾਣਿਆ। ਕਾਲਜ ਦੇ ਪ੍ਰਿੰਸੀਪਲ ਡਾ. ਕੁਲਦੀਪ ਸਿੰਘ ਬੱਲ ਦੁਆਰਾ ਵਿਭਾਗ ਦੇ ਮੁਖੀ ਡਾ. ਸਤਗੁਰ ਸਿੰਘ ਨੂੰ ਇਸ ਵਿੱਦਿਅਕ ਟੂਰ ਦੀ ਸਫਲਤਾ ਦੀ ਵਧਾਈ ਦਿੱਤੀ ਅਤੇ ਆਉਣ ਵਾਲੇ ਭਵਿੱਖ ਵਿੱਚ ਅਜਿਹੇ ਹੋਰ ਚੰਗੇਰੇ ਵਿੱਦਿਅਕ ਟੂਰ ਲਿਜਾਉਣ ਦੀ ਆਸ ਪ੍ਰਗਟਾਈ।



**Dedicated to the 550th birth anniversary of Sri Guru Nanak Dev Jii, recitation and explanation of Japuji Sahib was conducted every day from 20.8.2019 to 29.10.2019 at Guru Nanak College Budhlada. The purpose of conducting this explanation is to inspire the students towards spirituality, world peace, social and cultural harmony, moral and ethical values.**







## The institutional initiatives for Linguistic, Social and Economic Harmony and Tolerance

**Hindi Diwas was celebrated by Dept of Hindi and NSS on 14/09/19 to make aware students about the Role of Hindi as National Language in the linguistic unity of India.**




**A Special Lecture On "Personality Development and Gurmat Philosophy" was organised by Moral and Spiritual Cell on 22/09/2018. In this lecture all the resource persons focused on the role of Gurmat Philosophy in development of moral, ethical, cultural and social values in the overall personality development of a person.**







**International Mother Tongue Day was celebrated by Department of Hindi on 20-02-2020 to aware students about the linguistic diversities of the world.**



**Department of Economics, Commerce and Management in collaboration with IQAC organised National Webinar on Survival of Economy in Economic Scenario on 26-08-2020**



**A National Webinar On Impact of Covid-19 on Indian Economy was organised by Department of Economics, Agriculture and IQAC on 14 August 2020**




**Dept of Commerce and Management celebrated Lohri on 13-01-2021 for motivating students for inclusive environment**



**Department of Fashion Technology and Home Science organised Painting workshop at Hodla Kalan on 27 & 28 Feb. 2022 to help rural and tribal communities in producing handicrafts as a source of supplementary income and a means to preserve the uniqueness of their arts and craft forms**



**Department of Fashion Technology and Home Science organised 5 days Workshop on Traditional art (Phulkari) at Boha to help rural women in learning the art so that they can become financially independent on 16 -05-2022 to 20-05-2022. The initiative was appreciated by the village panchayat.**















# ਨਗਰ ਪੰਚਾਇਤ, ਬੋਹਾ (ਮਾਨਸਾ)

ਜਗਸੀਰ ਸਿੰਘ MC
ਵਾਰਡ ਨੰ. 13

ਮੋਬ. 94638-69140

ਨੰ: 9

ਮਿਤੀ 21-05-2022.

ਅੱਜ ਮਿਤੀ 16-05-2022 ਤੋਂ 20-05-22 ਨੂੰ ਗੁਰੂ ਨਾਨਕ ਕਾਲਜ ਬੁਢਲਾਡਾ ਦੇ ਫੈਸ਼ਨ ਟੈਕਨੋਲੋਜੀ ਵਿਭਾਗ ਦੀ MSC (FT) ਦੀ ਵਿਦਿਆਰਥਣ ਮਨਦੀਪ ਕੌਰ ਜੋ ਕਿ ਪਿਛਲੇ ਤਿੰਨ ਸਾਲ ਤੋਂ ਯੂਥ-ਫੈਸਟੀਵਲ ਚ ਲੋਕ ਕਲਾਵਾਂ ਵਿਚ (ਧਾਗਾ) ਫੁਲਕਾਰੀ ਦੀ ਕਢਾਈ ਵਿੱਚ ਜ਼ੋਨ-ਪੱਧਰ ਅਤੇ ਇੰਟਰ-ਜ਼ੋਨਲ ਪੱਧਰ ਤੇ ਜੇਤੂ ਦਾਰ ਪਹਿਲੇ ਸਥਾਨ ਤੇ ਆਈ ਹੈ, ਇਸ ਨੇ ਪਿੰਡ ਦੀਆਂ ਔਰਤਾਂ ਅਤੇ ਕੁੜੀਆਂ ਨੂੰ ਅਲੋਪ ਹੋ ਰਹੀ ਪੰਜਾਬੀ ਵਿਰਸਾ ਨਾਲ ਸੰਬੰਧਿਤ ਕਢਾਈ ਬਾਰੇ ਸਿਖਲਾਈ ਦਿੱਤੀ। ਬੇਰੁਜ਼ਗਾਰ ਔਰਤਾਂ ਨੂੰ ਬੈਠ ਕੇ ਕੰਮ ਕਰਨ ਲਈ ਜਾਗਰੂਕ ਕੀਤਾ। ਜੋ ਕਿ ਬਹੁਤ ਹੀ ਸ਼ਲਾਘਾਯੋਗ ਕੰਮ ਹੈ। ਨਗਰ ਪੰਚਾਇਤ ਅਤੇ ਪਤਵੰਤੇ ਸੱਜਣ ਵਿਦਿਆਰਥੀ, ਕਾਲਜ ਦੇ ਪ੍ਰਿੰਸੀਪਲ ਅਤੇ ਵਿਭਾਗ ਦੇ ਮੁਖੀ (ਸ੍ਰੀ ਮਤੀ ਨੀਲਮ ਰਾਣੀ) ਅਤੇ ਅਧਿਆਪਕ ਸਾਹਿਬਾਨਾਂ ਦੇ ਇਸ ਕਾਰਜ ਲਈ ਪ੍ਰਸੰਸਾ ਕਰਦੇ ਹਾਂ। ਆਸ ਕਰਦੇ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਅਜਿਹੇ ਰੁਜ਼ਗਾਰ ਨਾਲ ਸੰਬੰਧਿਤ ਸਿਖਲਾਈ ਅਭਿਆਨ ਕੀਤੇ ਜਾਣਗੇ।

Jagsir Singh

ਜਗਸੀਰ ਸਿੰਘ M.C.
ਵਾਰਡ ਨੰ. 13, ਨਗਰ ਪੰਚਾਇਤ
ਬੋਹਾ (ਮਾਨਸਾ)

**Department of Mathematics organized a one-day national seminar on Contemporary Relevance of Sri Guru Nanak Dev Ji's Bani. Dr. Gurveer Singh from Department of Religion, Khalsa College, Patiala was the resource person for the seminar**






**Department of Punjabi organized workshop on "Literature Creation" at Govt Senior Secondary School Akkanwali on 29 August**

# ਆਓ ਸਾਹਿਤ ਨਾਲ ਜੁੜੀਏ ਪ੍ਰੋਗਰਾਮ ਤਹਿਤ ਇਕ ਰੋਜ਼ਾ ਕਾਰਜਸ਼ਾਲਾ ਲਗਾਈ



ਦੌਰਾਨ ਮਹਿਮਾਨਾਂ ਨੂੰ ਸਨਮਾਨਿਤ ਕਰਨ ਸਮੇਂ ਪ੍ਰਬੰਧਕ।(ਬਾਂਸਲ)

ਬੁਢਲਾਡਾ, 30 ਅਗਸਤ (ਬਾਂਸਲ)- ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅੱਕਾਂਵਾਲੀ ਵਿਖੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਅਤੇ ਭਾਈ ਵੀਰ ਸਿੰਘ ਸਾਹਿਤ ਸਦਨ ਗੁਰੂ ਨਾਨਕ ਕਾਲਜ ਬੁਢਲਾਡਾ ਵੱਲੋਂ ਮਿੰਨੀ ਕਹਾਣੀ ਲੇਖਕ ਮੰਚ ਪੰਜਾਬ ਅਤੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਸਹਿਯੋਗ ਨਾਲ 'ਆਓ ਸਾਹਿਤ ਨਾਲ ਜੁੜੀਏ' ਪ੍ਰੋਗਰਾਮ ਤਹਿਤ ਇਕ ਰੋਜਾ ਕਾਰਜਸ਼ਾਲਾ ਲਗਾਈ ਗਈ, ਜਿਸ ਵਿਚ ਸਕੂਲ ਦੇ ਸੱਤਰ ਦੇ ਕਰੀਬ ਵਿਦਿਆਰਥੀਆਂ ਨੇ ਭਾਗ ਲਿਆ।

ਜੀ ਆਇਆ ਆਖਦਿਆਂ ਸ. ਨਰਿੰਦਰ ਸਿੰਘ ਮੋਹਲ ਨੇ ਵਿਦਿਆਰਥੀਆਂ ਨੂੰ ਸਾਹਿਤ ਸਿਰਜਣਾ ਨਾਲ ਜੁੜਨ ਲਈ ਪ੍ਰੇਰਿਆ। ਸਦਨ ਦੇ ਪ੍ਰਬੰਧਕੀ ਸਕੱਤਰ ਗੁਰਦੀਪ ਸਿੰਘ ਨੇ ਮਹਿਮਾਨਾਂ ਨਾਲ ਜਾਣ-ਪਛਾਣ ਕਰਵਾਉਂਦਿਆਂ ਸਾਹਿਤ ਦੇ ਮਹੱਤਵ ਬਾਰੇ ਕਿ ਇਹ ਜ਼ਿੰਦਗੀ ਨੂੰ ਕਿਂਝ ਬਦਲਦਾ ਹੈ ਵਿਸ਼ੇ 'ਤੇ ਵਿਸਥਾਰ ਵਿਚ ਆਪਣਾ ਭਾਸ਼ਣ ਦਿੱਤਾ। ਪੰਜਾਬੀ ਸਾਹਿਤ ਅਕਾਦਮੀ ਦੇ ਸੀਨੀਅਰ ਮੀਤ ਪ੍ਰਧਾਨ ਡਾ. ਸਿਆਮ ਸੁੰਦਰ ਦੀਪਤੀ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਸਾਹਿਤ ਸੱਚ ਨਾਲ ਜੋੜਦਾ ਹੈ।

ਮਿੰਨੀ ਕਹਾਣੀ ਨੂੰ ਕੇਂਦਰ ਵਿਚ ਰੱਖਕੇ ਉਨ੍ਹਾਂ ਵਿਸ਼ਿਆਂ ਦੀ ਚੋਣ, ਪਾਤਰਾਂ ਦੀ ਚੋਣ, ਘਟਨਾਵਾਂ, ਸਮਾਂ, ਸਥਾਨ ਅਤੇ ਕਾਰਜ ਦੀ ਏਕਤਾ ਬਾਰੇ ਆਪਣੀ ਮਿੰਨੀ ਕਹਾਣੀ ਦੇ ਹਵਾਲੇ ਨਾਲ ਗੱਲਾਂ ਸਾਂਝੀਆਂ ਕੀਤੀਆਂ। ਬਹੁ ਵਿਧਾਵੀ ਸਿਰਜਕ ਪ੍ਰਿੰਸੀਪਲ ਦਰਸ਼ਨ ਸਿੰਘ ਬਰੇਟਾ ਨੇ ਜਿਥੇ ਆਪਣੀਆਂ ਮਿੰਨੀ ਕਹਾਣੀਆਂ ਸੁਣਾਈਆਂ ਉਥੇ ਨਾਲ ਹੀ ਇਨ੍ਹਾਂ ਨੂੰ ਲਿਖਣਾ ਕਿਵੇਂ ਹੈ ਅਤੇ ਇਸ ਵਿਚ ਨਿੱਜ ਕਿਵੇਂ ਸ਼ਾਮਲ ਹੁੰਦਾ ਹੈ, ਵਿਸ਼ੇ ਬਾਰੇ ਚਰਚਾ ਕੀਤੀ।

ਪ੍ਰੋਗਰਾਮ ਦੇ ਦੂਜੇ ਹਿੱਸੇ ਦੀ ਸ਼ੁਰੂਆਤ ਵਿਚ ਪੂਜਾ, ਖੁਸ਼ਪ੍ਰੀਤ ਕੌਰ ਤੇ ਗਗਨਦੀਪ ਸਿੰਘ ਨੇ ਗੀਤ ਗਾ ਕੇ ਰੰਗ ਬੰਨ੍ਹਿਆ। ਇਸ ਤੋਂ ਬਾਅਦ ਡਾ. ਦੀਪਤੀ ਨੇ ਵਿਦਿਆਰਥੀਆਂ ਨੂੰ ਸਕੂਲ, ਬੱਚਾ ਅਤੇ ਕਿਸਾਨ ਦੇ ਦ੍ਰਿਸ਼ ਨੂੰ ਆਧਾਰ ਬਣਾ ਕੇ ਕਹਾਣੀਆਂ ਲਿਖਣ ਲਈ ਪ੍ਰੇਰਿਆ। ਸੱਤਰ ਦੇ ਕਰੀਬ ਵਿਦਿਆਰਥੀਆਂ ਨੂੰ ਨੌ ਗਰੁੱਪਾਂ ਵਿੱਚ ਵੰਡਿਆਂ ਗਿਆ ਅਤੇ ਅੱਧੇ ਘੰਟੇ ਵਿਚ ਮਿੰਨੀ ਕਹਾਣੀ ਲਿਖਣ ਲਈ ਕਿਹਾ।

ਇਸ ਵਰਕਸ਼ਾਪ ਵਿਚ ਉਨ੍ਹਾਂ ਨੌ ਕਹਾਣੀਆਂ ਦਾ ਪਾਠ ਕੀਤਾ ਗਿਆ। ਵਿਦਿਆਰਥੀਆਂ ਨੇ ਸ਼ਾਨਦਾਰ ਮਿੰਨੀ ਕਹਾਣੀਆਂ ਲਿਖੀਆਂ। ਜਿਸ 'ਤੇ ਟਿੱਪਣੀ ਕਰਦਿਆਂ ਡਾ. ਦੀਪਤੀ ਨੇ ਕਿਹਾ ਕਿ ਵਿਦਿਆਰਥੀਆਂ ਅੰਦਰ ਮਿੰਨੀ ਕਹਾਣੀ ਦੇ ਬੀਜ ਪਏ ਹਨ, ਸਿਰਫ ਇਨ੍ਹਾਂ ਨੂੰ ਸੇਧ ਦੇਣ ਦੀ ਜ਼ਰੂਰਤ ਹੈ। ਪ੍ਰਧਾਨਗੀ ਭਾਸ਼ਣ ਦਿੰਦਿਆਂ ਪ੍ਰਿੰਸੀਪਲ ਕੰਵਲਜੀਤ ਕੌਰ ਨੇ 'ਵਿਦਿਆਰਥੀ ਪ੍ਰਤਿਭਾ ਨਿਖਾਰਨ ਵਿਚ ਅਧਿਆਪਕ ਦੀ ਭੂਮਿਕਾ' ਨੂੰ ਅਧਾਰ ਬਣਾ ਕੇ ਪੜ੍ਹੀਆਂ ਮਿੰਨੀ ਕਹਾਣੀਆਂ ਬਾਰੇ ਵਿਸਥਾਰ ਵਿਚ ਟਿੱਪਣੀ ਕੀਤੀ।

ਇਸ ਸਮਾਗਮ ਦਾ ਮੰਚ ਸੰਚਾਲਨ ਅਤੇ ਸੂਤਰਧਾਰ ਦੀ ਭੂਮਿਕਾ ਗੁਰਮੀਤ ਸਿੰਘ ਬਹਾਦਰਪੁਰ ਨੇ ਨਿਭਾਈ। ਇਸ ਸਮਾਗਮ ਵਿਚ ਊਸ਼ਾ ਦੀਪਤੀ, ਗੁਰਦੀਪ ਸਿੰਘ, ਗੁਰਪ੍ਰੀਤ ਸਿੰਘ, ਬਲਵਿੰਦਰ ਸਿੰਘ ਅਤੇ ਭਾਸ਼ਾ ਮੰਚ ਦੇ ਮੈਂਬਰ ਮਾਨਵ ਮਾਨਸਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ।

ਜਗ ਬਾਣੀ ਈ-ਪੇਪਰ Wed,31 August 2022
Edition: mansa bani, Page no. 3



**A Two-days Human Service Day was celebrated in memory of Bhai Ghanaiya ji on 20-21 September 2021 at Guru Nanak College Budhlada. On this occasion sweet water was distributed in the college and large scale lectures and video screenings were organized to acquaint the students with the life of Bhai Sahib.**









# ਗੁਰੂ ਨਾਨਕ ਕਾਲਜ ਬੁਢਲਾਡਾ ਵਿਖੇ ਭਾਈ ਘਨਈਆ ਜੀ ਦੀ ਬਰਸੀ ਮੌਕੇ ਦੋ ਦਿਨਾਂ ਸਮਾਗਮ ਕਰਵਾਏ

ਬੁਢਲਾਡਾ, (ਗੁਰਵਿੰਦਰ ਸਿੰਘ ਚਹਿਲ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧਾਂ ਹੇਠ ਚੱਲ ਰਹੀ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਗੁਰੂ ਨਾਨਕ ਕਾਲਜ ਬੁਢਲਾਡਾ ਵਿਖੇ ਭਾਈ ਘਨਈਆ ਜੀ ਦੀ ਬਰਸੀ ਨੂੰ ਮਨੁੱਖੀ ਸੇਵਾ ਦਿਵਸ ਵਜੋਂ ਮਨਾਇਆ ਗਿਆ। ਇਸ ਸਮਾਗਮ ਨੂੰ ਦੋ ਪੜਾਵਾਂ ਵਿੱਚ ਵੰਡਿਆ ਗਿਆ। ਪਹਿਲੇ ਪੜਾਅ ਵਿੱਚ ਸੰਸਥਾ ਦੇ ਅਧਿਆਪਕਾਂ ਨੇ ਭਾਈ ਘਨੱਈਆ ਜੀ ਨੂੰ ਕੇਂਦਰ ਵਿੱਚ ਰੱਖ ਕੇ 'ਤੱਥ, ਤੱਥ ਦੀ ਇਤਿਹਾਸਿਕਤਾ ਅਤੇ ਤੱਥ ਨੂੰ ਪੇਸ਼ ਕਰਦੀ ਵਿਚਾਰਧਾਰਕ ਪਹੁੰਚ' ਅਧਾਰ ਬਣਾ ਕੇ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕੀਤੇ। ਦੂਜੇ ਪੜਾਅ ਵਿੱਚ ਕੰਪਿਊਟਰ ਸਾਇੰਸ ਵਿਭਾਗ ਵੱਲੋਂ ਕਾਲਜ ਦੇ ਸਮੂਹ ਵਿਦਿਆਰਥੀਆਂ ਨੂੰ ਭਾਈ ਜੀ ਦੇ ਜੀਵਨ ਅਤੇ ਸੇਵਾ ਭਾਵਨਾ ਨੂੰ ਪੇਸ਼ ਕਰਦੀਆਂ ਡਾਕੂਮੈਂਟਰੀ ਵਿਖਾਈਆਂ ਗਈਆਂ। ਪੰਜਾਬੀ ਵਿਭਾਗ ਦੇ ਮੁਖੀ ਡਾ. ਸਤਗੁਰ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ 'ਭਾਈ ਘਨੱਈਆ ਜੀ ਦੀ ਸੁੱਚੀ ਅਤੇ ਸੱਚੀ ਸੇਵਾ ਨੇ ਜਿਸ ਤਰ੍ਹਾਂ ਦਾ ਆਦਰਸ਼ ਸਿਰਜਿਆ ਹੈ, ਉਸ ਤਰ੍ਹਾਂ ਦੀ ਮਿਸਾਲ ਸਮੁੱਚੇ ਵਿਸ਼ਵ ਦਰਸ਼ਨ ਵਿੱਚ ਨਹੀਂ ਮਿਲਦੀ। ਭਾਰੀ ਜੰਗ ਵਿੱਚ ਜਦੋਂ ਦੋ ਧਿਰਾਂ ਆਹਮੋ ਸਾਹਮਣੇ ਹਨ ਤਾਂ ਧਿਰਾਂ ਤੋਂ ਪਾਰ ਜਿਸ ਦਰਸ਼ਨ ਦੀ ਲੋਅ ਵਿੱਚ ਭਾਈ ਘਨੱਈਆ ਜੀ ਸੇਵਾ ਕਰ ਰਹੇ ਹਨ ਉਸਨੂੰ ਇਕਹਿਰੀ ਪਹੁੰਚ ਵਿੱਚ ਵੇਖਣ ਦੀ ਬਜਾਇ ਸਿੱਖ ਦਰਸ਼ਨ ਵਿੱਚੋਂ ਵੇਖਣ ਦੀ ਲੋੜ ਹੈ ਜਿਸ ਨਾਲ ਇਸ ਦਰਸ਼ਨ ਦੇ ਸੂਹਜ ਦੀ ਰਮਜ਼ ਲੁਕਾਈ ਤੱਕ ਪਹੁੰਚੇ। ਧਰਮ ਅਧਿਐਨ ਵਿਭਾਗ ਦੇ ਮੁਖੀ ਡਾ. ਰਜਿੰਦਰ ਕੌਰ ਨੇ ਕਿਹਾ ਕਿ ਤੱਥ ਪੂਜਕ ਇਤਿਹਾਸਕਾਰਾਂ ਨੇ ਜਿਸ ਪਹੁੰਚ ਤੋਂ ਸਿੱਖ ਫਲਸਫੇ ਨੂੰ ਵਿਖਿਆਇਆ ਹੈ ਉਸ ਨਾਲ ਇਸ ਦੀਆਂ ਗੁੱਝੀਆਂ ਰਮਜ਼ਾਂ ਇਕਹਿਰੀ ਪਹੁੰਚ ਤੱਕ ਘਟ ਗਈਆਂ ਹਨ। ਇਹ ਪਹੁੰਚ ਆਧੁਨਿਕਤਾ ਦੀ ਸਿਰਜੀ ਮਿੱਥ ਹੈ ਜਿੱਥੇ ਰਹੱਸ ਨੂੰ ਤਰਕ ਨਾਲ ਸਮਝਿਆ ਜਾਂਦਾ ਹੈ ਅਤੇ ਆਪਣੇ ਸਮਝ ਅਨੁਸਾਰ ਢਾਲ ਲਿਆ ਜਾਂਦਾ ਹੈ। ਪੰਜਾਬੀ ਵਿਭਾਗ ਦੇ ਸਹਾਇਕ ਪ੍ਰੋਫੈਸਰ ਡਾ. ਰਾਜਨਦੀਪ ਕੌਰ ਨੇ ਭਾਈ ਘਨੱਈਆ ਜੀ ਦੇ ਜੀਵਨ ਅਤੇ ਸੇਵਾ ਬਾਰੇ ਵਿਸਥਾਰ ਵਿੱਚ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕੀਤੇ। ਭਾਈ ਘਨੱਈਆ ਜੀ ਦੀ ਸੇਵਾ ਦੀ ਸਮਕਾਲੀ ਪ੍ਰਸੰਗਕਿਤਾ ਬਾਰੇ ਬੋਲਦਿਆਂ ਸਹਾਇਕ ਪ੍ਰੋਫੈਸਰ ਗੁਰਦੀਪ ਸਿੰਘ ਨੇ ਕਿਹਾ ਕਿ ਵਿਭਿੰਨਤਾ ਗੌਰਵ ਹੈ, ਇਸ ਗੌਰਵ ਦੇ ਆਪਣੇ ਆਦਰਸ਼ ਹਨ। ਇਨ੍ਹਾਂ ਆਦਰਸ਼ਾਂ ਨੂੰ ਸਾਂਭਣਾ ਸਾਡਾ ਫਰਜ਼ ਹੈ। ਅਨੇਕਤਾਵਾਂ ਨੂੰ ਏਕਤਾ ਵਿੱਚ ਬੰਨਦਿਆਂ ਸੱਤਾ ਜਿਸ ਪਾਸੇ ਤੁਰ ਰਹੀ ਹੈ ਉਸ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਮਾਨਵ ਸੇਵਾ ਦਿਵਸ ਵਜੋਂ ਮਨਾਏ ਗਏ ਇਸ ਸਮਾਗਮ ਦੇ ਦੂਜੇ ਦਿਨ ਕਾਲਜ ਪ੍ਰਿੰਸੀਪਲ ਡਾ. ਕੁਲਦੀਪ ਸਿੰਘ ਬੱਲ ਨੇ ਕਿਹਾ ਕਿ ਜੇਕਰ ਅਸੀਂ ਸਿੱਖ ਧਰਮ ਦੀ ਅਮੀਰੀ ਦੀ ਗੱਲ ਕਰੀਏ ਤਾਂ ਭਾਈ ਘਨੱਈਆ ਜੀ ਦੁਆਰਾ ਮਨੁੱਖਤਾ ਦੀ ਸੇਵਾ ਲਈ ਕੀਤੇ ਗਏ ਕਾਰਜ ਸਭ ਤੋਂ ਪਹਿਲਾਂ ਆਉਂਦੇ ਹਨ। ਮਨੁੱਖਤਾ ਦੀ ਸੇਵਾ ਦੇ ਮਾਰਗ 'ਤੇ ਚੱਲਣ ਲਈ, ਕਿਸੇ ਨੂੰ ਦੁਨਿਆਵੀ ਮੁੱਖ ਸਹੂਲਤਾਂ ਅਤੇ ਐਸ਼ ਆਰਾਮ ਦੀ ਬਲੀ ਦੇਣੀ ਪੈਂਦੀ ਹੈ। ਭਾਈ ਜੀ ਨੇ ਆਪ ਤਿੰਨ ਗੁਰੂ ਸਾਹਿਬਾਨ ਦੇ ਜੀਵਨ ਕਾਲ ਦੌਰਾਨ ਲੋਕਾਂ ਦੀ ਬਿਹਤਰੀ ਲਈ ਆਪਣੇ ਹੱਥਾਂ ਨਾਲ ਕੰਮ ਕੀਤਾ। ਇਸਦੇ ਨਾਲ ਹੀ ਉਸਦੇ ਪੁਰਵਜਾਂ ਨੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਲੋਕ ਸੇਵਾ ਵਿੱਚ ਯੋਗਦਾਨ ਪਾਇਆ। ਇਸ ਮੌਕੇ ਇਤਿਹਾਸ ਵਿਭਾਗ ਦੇ ਸਹਾਇਕ ਪ੍ਰੋਫੈਸਰ ਡਾ. ਸੁਖਜੀਤ ਕੌਰ ਨੇ ਕਿਹਾ ਕਿ ਭਾਈ ਘਨਈਆ ਜੀ ਉੱਚ ਨੈਤਿਕ ਜੀਵਨ ਵਾਲੀ ਮਹਾਨ ਸ਼ਖਸੀਅਤ ਸਨ, ਜਿਨ੍ਹਾਂ ਨੇ ਬੇਮਿਸਾਲ ਅਤੇ ਨਿਰਸਵਾਰਥ ਸੇਵਾ ਰਾਹੀਂ ਗੁਰੂ ਸਾਹਿਬ ਦੇ ਦਰਸਾਏ ਮਾਰਗ 'ਤੇ ਚੱਲ ਕੇ ਮਿਸਾਲ ਕਾਇਮ ਕੀਤੀ। ਸਮਾਗਮਾਂ ਦੇ ਚੱਲਦਿਆਂ ਦੋਵੇਂ ਦਿਨ ਕਾਲਜ ਵਿਖੇ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਨ੍ਹਾਂ ਸਮਾਗਮਾਂ ਵਿੱਚ ਸਮੂਹ ਕਾਲਜ ਦੇ ਸਟਾਫ ਤੋਂ ਇਲਾਵਾ ਕੰਪਿਊਟਰ ਇੰਸਟ੍ਰਕਟਰ ਅਨੂਪ ਸਿੰਘ ਖਾਲਸਾ, ਅਮਨਪ੍ਰੀਤ ਸਿੰਘ ਮਹਿਕਦੀਪ ਕੌਰ ਨੇ ਵਿਸ਼ੇਸ਼ ਭੂਮਿਕਾ ਨਿਭਾਈ।

ਦੇਸ਼ ਪ੍ਰਦੇਸ਼ ਟਾਈਮਜ਼
www.deshpardeshtimes.com

## College Initiatives for Helping the Needy

**Garment Distribution for the needy children was organised by Dept of Fashion Technology and Home Science on 25/05/2020 during the crucial times of Covid-19. All these garments were prepared by the students and teachers of Department of Fashion Technology.**





**A Visit of Avdhoot Ashram was organised by Department of English on 09-09-2019 situated in Budhlada. The students and faculty provided food and medicines to the sick and disable persons of the Ashram.**





**Department of commerce and management organized a visit to Awdhoot Ashram (Pingalwara), Budhlada on dated 20-08-2022. The students and staff spent some time with the patients. They also served a variety of eatable items i.e fruits, biscuits etc. The visit made the students aware of the various needs and problems of society and inculcated a sense of social responsibility and social services amongst them. The visit made a mark in our student's heart and instilled them with a feeling of compassion for the underprivileged and valuable experience of being hopeful even in the most hopeless situations in life.**









**Department of Fashion Technology and Home Science Visited Pingalwada on 21-02-2022 and distributed food and fruits to the needy**







## Institutional initiatives for awareness about Social Evils, Sports, Moral and Ethical Values

### College celebrated International Day of Yoga on 21-June-2018



**Two days Seminar dedicated to The Martyrdom day of “Chhote Sahibzaade” was organised by Moral and Spiritual Cell on 22-23/12/2017. In this seminar the resource persons spread light on importance the patience, self-control and importance of moral and ethical values in day-to-day life.**





**International Day of Yoga was celebrated by College on 21-June-2019. The yoga expert guided the students about benefits of Yoga and Meditation**



**The Rising Menace of Intolerance (Speech Competition) on 18 Sep 2020 was organised By Dept of English**



**Understanding Harmony in the Society (Essay Writing Competition) 3 Oct 2020 was organised by Dept of English**



**Dept of Punjabi started "Main Imandar Haan" Movement on 20 March 2021**



**Department of Hindi organized a Poster Making Competition on the Rising Menace of Drugs on 21 June 2022 to make students aware about the bad effects of drugs on society**



**NSS and Red Ribbon Club with the support of Vigilance Bureau, Punjab organized a seminar on awareness against corruption under the theme of (Rishwat Hatao, Desh Bachao).**









**On 24th January, 2020 NSS and Red Ribbon Club of Guru Nanak College, Budhlada organized a speech competition on female foeticide.**





**On 05/11/2019, NSS and Red Ribbon Club of Guru Nanak College, Budhlada with the support of Punjab Police, Budhlada and Punjab Police (Special Task Force against Drugs), Mansa organized a One Day Seminar on Drug Abuse at college.**







**On 06/03/2020 Guru Nanak College, Budhlada, under the scheme of District level Jeevan Shanti Jhanch Scheme, organized a state level programme against Drug Addiction. This event was attended by students and all faculty members of the college. District SSP (Punjab Police) was the chief guest of the event.**












ਗੁਰੂ ਨਾਨਕ ਕਾਲਜ ਬੁਢਲਾਡਾ ਵਿਖੇ ਨਸ਼ਾ ਰਹਿਤ ਹੋਣ ਦਾ ਪ੍ਰਣ ਕਰਦੇ ਹੋਏ ਗੁਰਪਾਲ ਸਿੰਘ ਚਹਿਲ ਡਿਪਟੀ ਕਮਿਸ਼ਨਰ, ਡਾ: ਨਰਿੰਦਰ ਭਾਰਗਵ ਐੱਸ. ਐੱਸ. ਪੀ., ਅਧਿਆਪਕ ਤੇ (ਹੇਠਾਂ) ਵਿਦਿਆਰਥੀ। ਤਸਵੀਰਾਂ : ਟੋਨੀ ਬੁਢਲਾਡਾ

# ਗੁਰੂ ਨਾਨਕ ਕਾਲਜ ਬੁਢਲਾਡਾ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਨਸ਼ਾ ਛੁਡਾਊ ਮੁਹਿੰਮ ਦੇ ਦੂਤ ਬਣਨ ਦਾ ਲਿਆ ਅਹਿਦ

ਬੁਢਲਾਡਾ, 6 ਮਾਰਚ (ਸਵਰਨ ਸਿੰਘ ...ਾਹੀ/ਸੁਨੀਲ ਮਨਚੰਦਾ)-ਪੰਜਾਬ ਪੁਲਿਸ ਦੀ ...ੀਵਨ ਸ਼ਾਂਤੀ ਜਾਂਚ ਪ੍ਰਕਿਰਿਆ ਤਹਿਤ ਗੁਰੂ ...ਾਨਕ ਕਾਲਜ ਬੁਢਲਾਡਾ ਨੂੰ ਪੰਜਾਬ ਦੀ ...ਹਿਲੀ ਨਸ਼ਾ ਮੁਕਤ ਸੰਸਥਾ ਐਲਾਨਿਆ ਗਿਆ ...। ਕਾਲਜ ਵਿਖੇ ਹੋਏ ਪ੍ਰਭਾਵਸ਼ਾਲੀ ਸਮਾਗਮ ...ਰਾਨ ਡਿਪਟੀ ਕਮਿਸ਼ਨਰ ਮਾਨਸਾ ਗੁਰਪਾਲ ...ੰਘ ਚਹਿਲ, ਜ਼ਿਲ੍ਹਾ ਪੁਲਿਸ ਮੁਖੀ ਡਾ: ਨਰਿੰਦਰ ...ਾਰਗਵ, ਪ੍ਰਿੰਸੀਪਲ ਡਾ: ਕੁਲਦੀਪ ਸਿੰਘ ਬੱਲ ਤੇ ...ਤ ਅਧਿਕਾਰੀਆਂ ਦੀ ਹਾਜ਼ਰੀ 'ਚ 6 ਹਜ਼ਾਰ ਤੋਂ ...ਧੇਰੇ ਵਿਦਿਆਰਥੀਆਂ, ਅਧਿਆਪਕਾਂ ਤੇ ...ਪਿਆਂ ਨੇ ਪ੍ਰਣ ਕੀਤਾ ਹੈ ਕਿ ਉਹ ਨਸ਼ਾ ...ਡਾਊ ਮੁਹਿੰਮ ਦੇ ਦੂਤ ਬਣ ਕੇ ਸਮਾਜ ਨੂੰ ਨਸ਼ਾ ...ਤ ਕਰਨ ਲਈ ਹਰ ਉਪਰਾਲੇ ਕਰਨਗੇ। ...

...ਗਈ ਹੈ। ਕਮੇਟੀ ਜਿਸ ਵਿਚ 1100 ਬਡੀ ਗਰੁੱਪ ਦੇ ਮੈਂਬਰ, ਜਿਨ੍ਹਾਂ ਨਾਲ 5500 ਹੋਰ ਮੈਂਬਰ ਅਤੇ

- **ਸਿਵਲ ਪ੍ਰਸ਼ਾਸਨ ਨਰੋਆ ਸਮਾਜ ਸਿਰਜਣ ਲਈ ਹਰ ਵਾਹ ਲਗਾਏਗਾ-ਡੀ. ਸੀ.**
- **ਜ਼ਿਲ੍ਹਾ ਪੁਲਿਸ ਨਸ਼ਿਆਂ ਖ਼ਿਲਾਫ਼ ਮੁਹਿੰਮ ਨੂੰ ਜਾਰੀ ਰੱਖੇਗੀ- ਡਾ: ਨਰਿੰਦਰ ਭਾਰਗਵ**

ਸਾਰੇ ਗਰੁੱਪ ਨੂੰ ਵਟਸਐਪ 'ਤੇ ਵੀ ਜੋੜਿਆ ਗਿਆ ਹੈ ਜੋ ਸਮਾਜ ਨੂੰ ਨਸ਼ਾ ਮੁਕਤ ਤੇ ਨਰੋਆ ਬਣਾਉਣ ਲਈ ਯਤਨ ਕਰਦੇ ਰਹਿਣਗੇ। ਡਿਪਟੀ ਕਮਿਸ਼ਨਰ ਮਾਨਸਾ ਗੁਰਪਾਲ ਸਿੰਘ ਚਹਿਲ ਨੇ ਕਿਹਾ ਕਿ ਗੁਰੂ ਨਾਨਕ ਕਾਲਜ ਬੁਢਲਾਡਾ ਨੂੰ ਨਸ਼ਾ ਮੁਕਤ ਸੰਸਥਾ ਐਲਾਨਿਆ ਜਾਣਾ ਸਮੁੱਚੇ ਜ਼ਿਲ੍ਹੇ ਲਈ ਮਾਣ ਵਾਲੀ ਗੱਲ ਹੈ। ਸਵਾਗਤੀ ਭਾਸ਼ਣ 'ਚ ਪ੍ਰਿੰਸੀਪਲ ਡਾ: ਕੁਲਦੀਪ ਸਿੰਘ ਬੱਲ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ। ਇਸ ਮੌਕੇ ਐੱਸ. ਡੀ. ਐਮ. ਬੁਢਲਾਡਾ ਅਦਿੱਤਿਆ ਡੇਚਲਵਾਲ, ਡਾ: ਲਾਲ ਚੰਦ ਠਕਰਾਲ, ਸਿਵਲ ਸਰਜਨ ਮਾਨਸਾ, ਡੀ. ਐੱਸ. ਪੀ. ਜਸਪਿੰਦਰ ਸਿੰਘ, ਉਪ ਪ੍ਰਿੰਸੀਪਲ ਡਾ: ਜਸਪਾਲ ਸਿੰਘ, ਚੰਡੀਗੜ੍ਹ ਪੰਜਾਬ ਪੱਤਰਕਾਰ ਪ੍ਰੀਸ਼ਦ ਦੇ ਜ਼ਿਲ੍ਹਾ ...

## College Initiatives for Blood Donation- Saving Lives, Health Check up and Covid Care Centre

**Guru Nanak College Campus was made free Isolation Ward and Covid Care Centre for Covid-19 patients by College Management and Local Administration in May 2021.**







**During COVID-19 NSS Guru Nanak College, Budhlada under the guidance of Principal Dr. Kuldip Singh Bal took an initiative for awareness among the proletariat class of society regarding covid-19 in respect of following prevention measures against the Virus and also motivated the farmers and agriculture labourers to use mask while they are working in fields.**










KRC




REDMI NOTE 8
AI QUAD CAMERA










**To protect the college staff and local people from Covid-19 infection, NSS of Guru Nanak College, Budhlada organized a Covid-19 vaccination camp at college premises in Sept 2021.**



# ਗਊਸ਼ਾਲਾ ਭਵਨ ਟਰੱਸਟ ਅਤੇ ਗੁਰੂ ਨਾਨਕ ਕਾਲਜ ਵੱਲੋਂ ਲਾਇਆ ਕਰੋਨਾ ਵੈਕਸੀਨੇਸ਼ਨ ਕੈਂਪ



ਕੈਂਪ ਦੌਰਾਨ ਵੈਕਸੀਨੇਸ਼ਨ ਕਰਦੇ ਮਾਹਿਰ। (ਮਨਜੀਤ ਕੌਰ)

ਮਾਨਸਾ, 13 ਸਤੰਬਰ (ਮਨਜੀਤ ਕੌਰ)- ਗਊਸ਼ਾਲਾ ਭਵਨ ਟਰੱਸਟ ਮਾਨਸਾ ਦੇ ਪ੍ਰਧਾਨ ਰੋਸ਼ਨ ਲਾਲ ਗਰਗ ਦੀ ਪ੍ਰਧਾਨਗੀ ਅਤੇ ਮੱਘਰ ਮੱਲ ਖਿਆਲਾ ਦੀ ਸਰਪ੍ਰਸਤੀ ਹੇਠ ਗਊਸ਼ਾਲਾ ਭਵਨ ਵਿਖੇ ਕੋਵਿਡ ਮਹਾਮਾਰੀ ਤੋਂ ਬਚਾਅ ਲਈ ਵੈਕਸੀਨੇਸ਼ਨ ਕੈਂਪ ਲਾਇਆ ਗਿਆ, ਜਿਸ ਦਾ ਉਦਘਾਟਨ ਡਾ. ਸੁਨੀਲ ਬਾਂਸਲ ਅਤੇ ਡਾ. ਸ਼ੈਰੀ ਬਾਂਸਲ ਨੇ ਕੀਤਾ। ਇਸ ਮੌਕੇ ਟਰੱਸਟ ਦੇ ਅਹੁਦੇਦਾਰ ਜਤਿੰਦਰਵੀਰ ਗੁਪਤਾ, ਮੋਤੀ ਰਾਮ ਫੱਤਾ, ਹੁਕਮ ਚੰਦ ਬਾਂਸਲ, ਸੁਰਿੰਦਰ ਕੁਮਾਰ, ਸੁਰਿੰਦਰ ਪਿੰਟਾ, ਰਾਕੇਸ਼ ਮਾਖਾ, ਗੋਰਾ ਲਾਲ, ਚਿਮਨ ਲਾਲ, ਅਜੇ ਕੁਮਾਰ ਅਤੇ ਸੁਰਿੰਦਰ ਬਾਂਸਲ ਸਮੇਤ ਵੱਡੀ ਗਿਣਤੀ 'ਚ ਕਾਰਜਕਾਰੀ ਮੈਂਬਰ ਹਾਜ਼ਰ ਸਨ। ਆਖਿਰ ਵਿਚ ਅਸ਼ੋਕ ਗਰਗ ਸੂਬਾ ਮੀਤ ਪ੍ਰਧਾਨ ਅਗਰਵਾਲ ਸਭਾ ਅਤੇ ਪ੍ਰੇਮ ਅਗਰਵਾਲ ਨੇ ਸਿਹਤ ਕਰਮਚਾਰੀ ਰਮਨਪ੍ਰੀਤ ਕੌਰ, ਗੁਰਪ੍ਰੀਤ ਸਿੰਘ, ਮੋਨਿਕਾ ਰਾਣੀ ਅਤੇ ਬਲਵਿੰਦਰ ਕੌਰ ਸਮੇਤ ਮੁੱਖ ਮਹਿਮਾਨ ਅਤੇ ਟਰੱਸਟ ਦੇ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ।

ਬੁਢਲਾਡਾ, (ਗਰਗ)-ਸਥਾਨਕ ਗੁਰੂ ਨਾਨਕ ਕਾਲਜ ਦੇ ਐੱਨ. ਐੱਸ. ਐੱਸ. ਵਿਭਾਗ ਦੇ ਸਹਿਯੋਗ ਨਾਲ ਕੋਰੋਨਾ ਵੈਕਸੀਨੇਸ਼ਨ ਕੈਂਪ ਕਾਲਜ ਦੇ ਪ੍ਰਿੰਸੀਪਲ ਡਾ. ਕੁਲਦੀਪ ਸਿੰਘ ਬੱਲ ਦੀ ਅਗਵਾਈ ਵਿਚ ਕਾਲਜ ਦੇ ਭਾਈ ਨੰਦ ਲਾਲ ਬਲਾਕ ਵਿਚ ਲਾਇਆ ਗਿਆ। ਇਸ ਕੈਂਪ ਵਿਚ 18 ਸਾਲ ਤੋਂ ਉੱਪਰ ਕਰੀਬ 200 ਵਿਦਿਆਰਥੀਆਂ ਅਤੇ ਕਾਲਜ ਸਟਾਫ ਦਾ ਟੀਕਾਕਰਣ ਕੀਤਾ ਗਿਆ। ਕੈਂਪ ਕੋਆਰਡੀਨੇਟਰ ਡਾ. ਸਤਿਗੁਰ ਸਿੰਘ ਨੇ ਕਿਹਾ ਕਿ ਕੋਰੋਨਾ ਨੂੰ ਹਰਾਉਣ ਦਾ ਇਕੋ-ਇਕ ਤਰੀਕਾ ਟੀਕਾਕਰਣ ਹੈ। ਇਸ ਮੌਕੇ ਕਾਲਜ ਦੇ ਐੱਨ. ਐੱਸ. ਐੱਸ. ਵਿਭਾਗ ਦੇ ਪ੍ਰੋਗਰਾਮ ਅਫਸਰ ਡਾ. ਗੁਰਜਸੀਜਤ ਕੌਰ, ਪ੍ਰੋ. ਗੁਰਦੀਪ ਸਿੰਘ, ਪ੍ਰੋ. ਮਨੀਸ਼ਾ ਅਤੇ ਪ੍ਰੋ. ਸਿਮਰਨਜੀਤ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਸਨ।



ਕੈਂਪ ਦੌਰਾਨ ਵੈਕਸੀਨੇਸ਼ਨ ਕਰਦੇ ਮਾਹਿਰ। (ਗਰਗ)

ਜਗ ਬਾਣੀ ਈ-ਪੇਪਰ Tue,14 September 2021 Edition: mansa bani, Page no. 1



ਕੈਂਪ ਦੌਰਾਨ ਵੈਕਸੀਨੇਸ਼ਨ ਕਰਵਾਉਂਦਾ ਹੋਇਆ ਕਾਲਜ ਸਟਾਫ।

# ਵੈਕਸੀਨੇਸ਼ਨ ਕੈਂਪ ਲਾਇਆ

**ਪੱਤਰ ਪ੍ਰੇਰਕ, ਬੁਢਲਾਡਾ :** ਪੰਜਾਬ ਸਰਕਾਰ ਦੇ ਮਿਸ਼ਨ ਫਤਿਹ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਮਾਨਸਾ ਤੇ ਸਿਹਤ ਵਿਭਾਗ ਮਾਨਸਾ ਵੱਲੋਂ ਸਥਾਨਕ ਗੁਰੂ ਨਾਨਕ ਕਾਲਜ ਦੇ ਐੱਨਐੱਸਐੱਸ ਵਿਭਾਗ ਦੇ ਸਹਿਯੋਗ ਨਾਲ ਕੋਰੋਨਾ ਰੋਕੂ ਵੈਕਸੀਨੇਸ਼ਨ ਕੈਂਪ ਕਾਲਜ ਦੇ ਪ੍ਰਿੰਸੀਪਲ ਡਾ. ਕੁਲਦੀਪ ਸਿੰਘ ਬੱਲ ਦੀ ਅਗਵਾਈ ਵਿਚ ਕਾਲਜ ਦੇ ਭਾਈ ਨੰਦ ਲਾਲ ਬਲਾਕ ਵਿਚ ਲਗਾਇਆ ਗਿਆ। ਇਸ ਕੈਂਪ ਵਿਚ 18 ਸਾਲ ਤੋਂ ਉਪਰ ਕਰੀਬ 200 ਦੇ ਵਿਦਿਆਰਥੀਆਂ ਅਤੇ ਕਾਲਜ ਸਟਾਫ਼ ਦਾ ਟੀਕਾਕਰਨ ਕੀਤਾ ਗਿਆ। ਕੈਂਪ ਕੋਆਰਡੀਨੇਟਰ ਡਾ. ਸਤਗੁਰ ਸਿੰਘ ਨੇ ਸੰਬੋਧਨ ਕੀਤਾ। ਇਸ ਮੌਕੇ ਕਾਲਜ ਦੇ ਐੱਨਐੱਸਐੱਸ ਵਿਭਾਗ ਦੇ ਪ੍ਰੋਗਰਾਮ ਅਫ਼ਸਰ ਡਾ. ਗੁਰਜਸੀਜਤ ਕੌਰ, ਪ੍ਰੋ. ਗੁਰਦੀਪ ਸਿੰਘ, ਪ੍ਰੋ. ਮਨੀਸ਼ਾ ਅਤੇ ਪ੍ਰੋ. ਸਿਮਰਨਜੀਤ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਸਨ।

ਪੰਜਾਬੀ ਜਾਗਰਣ ਮੰਗਲਵਾਰ 14 ਸਤੰਬਰ 2021 ਬਠਿੰਡਾ/ਮਾਨਸਾ ਜਾਗਰਣ

**On 16/03/2019 NSS and Red Ribbon Club organized a awareness seminar on "Mental Health Programe".**





**On 08/03/2019 college with the collaboration of Youth Services Dept. Mansa and Neeki Foundation celebrated Youth Day by organising Blood Donation Camp, Essay Writing competition and cultural activities at college campus. Deputy Commissioner of Mansa Miss Apneet Kaur (I.A.S) was the chief guest of this event. Total 65 students donated blood units.**









ਸਨਿਚਰਵਾਰ, 9 ਮਾਰਚ, 2019 9



ਬੁਢਲਾਡਾ ਵਿਖੇ ਕੈਂਪ ਮੌਕੇ ਪ੍ਰਿੰਸੀਪਲ ਡਾ: ਕੁਲਦੀਪ ਸਿੰਘ ਬੱਲ ਤੇ ਹੋਰ ਅਧਿਕਾਰੀ ਖ਼ੂਨਦਾਨੀ ਨੌਜਵਾਨਾਂ ਦਾ ਹੌਸਲਾ ਵਧਾਉਂਦੇ ਹੋਏ। ਅਜੀਤ ਤਸਵੀਰ

# ਕੈਂਪ 'ਚ 65 ਯੂਨਿਟ ਖ਼ੂਨਦਾਨ

ਬੁਢਲਾਡਾ, 8 ਮਾਰਚ (ਸਵਰਨ ਸਿੰਘ ਰਾਹੀ)-ਯੁਵਕ ਸੇਵਾਵਾਂ ਵਿਭਾਗ ਵਲੋਂ ਸਥਾਨਕ ਗੁਰੂ ਨਾਨਕ ਕਾਲਜ ਵਿਖੇ ਮਨਾਏ ਗਏ ਕੌਮੀ ਯੁਵਾ ਦਿਵਸ ਮੌਕੇ ਕੌਮੀ ਸੇਵਾ ਯੋਜਨਾਂ ਦੇ ਵਲੰਟੀਅਰਾਂ ਨੇ 65 ਯੂਨਿਟ ਖ਼ੂਨਦਾਨ ਕੀਤਾ। ਪ੍ਰਿੰਸੀਪਲ ਕੁਲਦੀਪ ਸਿੰਘ ਬੱਲ ਨੇ ਸਭਨਾਂ ਨੂੰ ਯੁਵਾ ਦਿਵਸ ਤੇ ਅੰਤਰਰਾਸ਼ਟਰੀ ਨਾਰੀ ਦਿਵਸ ਦੀ ਵਧਾਈ ਦਿੱਤੀ। ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਮਾਨਸਾ ਰਘਵੀਰ ਸਿੰਘ ਮਾਨ ਨੇ ਸਵਾਮੀ ਵਿਵੇਕਾਨੰਦ ਦੀ ਸ਼ਖ਼ਸੀਅਤ ਤੇ ਨੌਜਵਾਨੀ ਦੇ ਭਵਿੱਖ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪ੍ਰਿੰਸੀਪਲ ਸਕੱਤਰ ਖੇਡਾਂ ਤੇ ਯੁਵਕ ਸੇਵਾਵਾਂ ਵਿਭਾਗ ਪੰਜਾਬ ਦੀ ਸਰਪ੍ਰਸਤੀ ਹੇਠ ਇਹ ਸਮਾਗਮ ਪੂਰੇ ਪੰਜਾਬ ਅੰਦਰ ਕਰਵਾਏ ਜਾ ਰਹੇ ਹਨ। ਲੇਖ ਮੁਕਾਬਲਿਆਂ 'ਚੋਂ ਮਨਪ੍ਰੀਤ ਕੌਰ, ਬੂਟਾ ਸਿੰਘ ਤੇ ਖ਼ੁਸ਼ਬੂ ਗਰਗ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ। ਸਮਾਗਮ ਦੌਰਾਨ ਕਾਲਜ ਦੇ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਨੇ ਸੱਭਿਆਚਾਰ ਪ੍ਰੋਗਰਾਮ ਦੀ ਪੇਸ਼ਕਾਰੀ ਕੀਤੀ। ਗਾਇਕ ਬਲਜਿੰਦਰ ਸੰਗੀਲਾ ਨੇ ਆਪਣੇ ਗੀਤਾ ਰਾਹੀ ਹਾਜ਼ਰੀ ਲਵਾਈ। ਇਸ ਮੌਕੇ ਦਰਸ਼ਨ ਸਿੰਘ ਬਰੇਟਾ, ਡਾ: ਬੂਟਾ ਸਿੰਘ, ਯਾਦਵਿੰਦਰ ਸਿੰਘ, ਮਹਿੰਦਰਪਾਲ ਕੁਮਾਰ, ਹਰਿੰਦਰ ਸਿੰਘ ਮਾਨਸ਼ਾਹੀਆ, ਹਰਦੀਪ ਸਿੰਘ ਸਿੱਧੂ ਆਦਿ ਹਾਜ਼ਰ ਸਨ। ਸਮਾਗਮ ਦਾ ਮੰਚ ਸੰਚਾਲਨ ਡਾ: ਸਤਗੁਰ ਸਿੰਘ, ਪ੍ਰੋ: ਗੁਰਦੀਪ ਸਿੰਘ ਨੇ ਕੀਤਾ।

**On 03/11/2019 college organized a Blood Donation camp at college. This Blood Donation Camp was organized to commemorate the 550th Birth Anniversary of Sri Guru Nanak Dev Ji. During this camp more than 60 students do donated blood.**









# ਅਖੰਡ ਪਾਠ ਸਾਹਿਬ ਦੇ ਭੋਗ 'ਤੇ ਖ਼ੂਨਦਾਨ ਕੈਂਪ



ਬੁਢਲਾਡਾ, 3 ਨਵੰਬਰ (ਗੁਰਦੀਪ ਸਿੰਘ ਸਿੱਧੂ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ਼੍ਰੀ ਅੰਮ੍ਰਿਤਸਰ ਵੱਲੋਂ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰੂ ਨਾਨਕ ਕਾਲਜ ਵਿਖੇ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਕੀਰਤਨ ਸਮਾਗਮ ਹੋਇਆ ਇਸ ਮੋਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਬਰ ਬਾਬਾ ਬੂਟਾ ਸਿੰਘ ਗੁੜਥਲੀ,ਮਿੱਠੂ ਸਿੰਘ ਕਾਨੇਕੇ,ਜਸਵੀਰ ਕੋਰ ਦਾਤੇਵਾਸ ਤੇ ਇਲਾਵਾਂ ਬੀਬੀ ਬਲਵੀਰ ਕੋਰ ਬਲਾਕ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ 'ਇਸਤਰੀ ਵਿੰਗ' ਨੇ ਆਖੰਡ ਪਾਠ ਸਾਹਿਬ ਦੇ ਭੋਗ ਸਮੇਂ ਆਪਣੀ ਹਾਜਰੀ ਭਰੀ। ਨੇਕੀਫਾਊਡੇਸਨ ਵਲੋ ਖੂਨ ਦਾਨ ਕੈਪ ਲਗਾਇਆ ਗਿਆ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਬਰ ਬਾਬਾ ਬੂਟਾ ਸਿੰਘ ਗੁੜਥਲੀ ਅਤੇ ਕਾਲਜ ਪ੍ਰਿੰਸੀਪਲ ਡਾ. ਕੁਲਦੀਪ ਸਿੰਘ ਬੱਲ ਨੇ ਖੂਨ ਦਾਨ ਕਰਨ ਵਾਲੇ ਨੋਜਵਾਨਾ ਦੀ ਹੋਸਲਾ ਅਫਜਾਈ ਕੀਤੀ ਜਿਸ ਵਿਚ ਕਾਲਜ ਦੇ ਨੋਜਵਾਨਾ ਨੇ ਖੂਨ ਦਾਨ ਕੀਤਾ ਕਾਲਜ ਪ੍ਰਿੰਸੀਪਲ ਡਾ. ਕੁਲਦੀਪ ਸਿੰਘ ਬੱਲ ਨੇ ਸਮੂਹ ਸੰਗਤਾ ਦਾ ਕਾਲਜ ਪਹੁੰਚਣ ਤੇ ਨਿਘਾ ਸਵਾਗਤ ਕੀਤਾ ਅਤੇ ਸਮੂਹ ਸਟਾਫ ਮੈਂਬਰਾਂ ਅਤੇ ਸਹਿਯੋਗੀਆਂ ਦੇ ਯੋਗਦਾਨ ਦੀ ਸ਼ਲਾਘਾ ਕੀਤੀ। ਇਸ ਮੌਕੇ ਡਾ. ਜਸਪਾਲ ਸਿੰਘ ਵਾਈਸ ਪ੍ਰਿੰਸੀਪਲ, ਅਮਨਪ੍ਰੀਤ ਸਿੰਘ, ਗੁਰਮੁੱਖ ਸਿੰਘ, ਰਛਪਾਲ ਸਿੰਘ,ਤਰਸੇਮ ਸਿੰਘ, ਸੁਖਵਿੰਦਰ ਸਿੰਘ ਹਾਜ਼ਰ ਸਨ।

**ON 05/11/2019 college with the support of Civil Hospital , Mansa organized a Free Medical Check up camp at college. In this camp around 200 students got benefited with free medical consultancy and free medicine.**








**On 24th April, 2022, NSS and Red Ribbon Club of Guru Nanak College Budhlada in collaboration with Youth Services Dept, Mansa organised a blood donation camp in college.**






GPS Map Camera
Talwandi, Punjab, India
WHM9+4JR, Talwandi, Punjab 151502, India
Lat 29.932804°
Long 75.568994°
24/08/22 10:22 AM
Google
148B

# ਗੁਰੂ ਨਾਨਕ ਕਾਲਜ ਬੁਢਲਾਡਾ ਦੇ ਰਾਸ਼ਟਰੀ ਸੇਵਾ ਯੋਜਨਾ ਵਿਭਾਗ ਵੱਲੋਂ ਵਿਸ਼ੇਸ਼ ਲੈਕਚਰ ਅਤੇ ਖੂਨਦਾਨ ਕੈਂਪ ਲਗਾਇਆ

(ਗੁਰਵਿੰਦਰ ਸਿੰਘ ਚਹਿਲ/ਚੈਕ ਪੋਸਟ)
ਗੋਰੇ ਖੁਰਦ।

ਗੁਰੂ ਨਾਨਕ ਕਾਲਜ ਬੁਢਲਾਡਾ ਦੇ ਰਾਸ਼ਟਰੀ ਸੇਵਾ ਯੋਜਨਾ ਵਿਭਾਗ ਅਤੇ ਰੈੱਡ ਰਿਬਨ ਕਲੱਬ ਵੱਲੋਂ ਯੁਵਕ ਸੇਵਾਵਾਂ ਮਾਨਸਾ ਦੇ ਸਹਿਯੋਗ ਨਾਲ ਖੂਨਦਾਨ ਦੀ ਮਹੱਤਤਾ ਸਬੰਧੀ ਵਿਸ਼ੇਸ਼ ਲੈਕਚਰ ਅਤੇ ਖੂਨਦਾਨ ਕੈਂਪ ਲਗਾਇਆ ਗਿਆ। ਇਸ ਸਮੇਂ ਖੂਨਦਾਨ ਕੈਂਪ ਦਾ ਉਦਘਾਟਨ ਕਾਰਜਕਾਰੀ ਪ੍ਰਿੰਸੀਪਲ ਪ੍ਰੋਫੈਸਰ ਬਿਕਰਮਜੀਤ ਸਿੰਘ ਅਤੇ ਯੁਵਕ ਸੇਵਾਵਾਂ ਵਿਭਾਗ ਮਾਨਸਾ ਦੇ ਸਹਾਇਕ ਡਾਇਰੈਕਟਰ ਰਘਵੀਰ ਸਿੰਘ ਮਾਨ ਨੇ ਕੀਤਾ। ਰਘਵੀਰ ਸਿੰਘ ਮਾਨ ਨੇ ਆਪਣੇ ਭਾਸ਼ਣ 'ਚ ਕਿਹਾ ਕਿ ਦੁਨੀਆਂ 'ਚ ਹਜ਼ਾਰਾਂ ਵਿਗਿਆਨੀ ਪੈਦਾ ਹੋਏ ਹਨ ਪਰ ਅੱਜ ਤੱਕ ਕੋਈ ਵੀ ਖੂਨ ਦੀ ਇੱਕ ਬੂੰਦ ਵੀ ਪੈਦਾ ਨਹੀਂ ਕਰ ਸਕਿਆ। ਸਾਨੂੰ ਖੂਨ ਦਾਨੀਆਂ ਵਿੱਚ ਸ਼ਾਮਿਲ ਹੋਣਾ ਚਾਹੀਦਾ ਹੈ, ਨਾ ਕਿ ਮੰਗਣ ਵਾਲਿਆਂ ਵਿੱਚ। ਉਨਾਂ ਕਿਹਾ ਕਿ ਇਨ੍ਹੀਂ ਦਿਨੀਂ ਪੰਜਾਬ ਸਰਕਾਰ ਵੱਲੋਂ 'ਖੇਡ੍ਹਾਂ ਵਤਨ ਪੰਜਾਬ ਦੀਆਂ' ਪ੍ਰੋਗਰਾਮ ਤਹਿਤ ਸਾਰੇ ਜਿਲ੍ਹਿਆਂ ਵਿੱਚ ਖੇਡ੍ਹਾਂ ਕਰਵਾਉਣੀਆਂ ਹਨ, ਉਨਾਂ ਵਿਚ ਵੱਧ ਤੋਂ ਵੱਧ ਭਾਗ ਲੈਣਾ ਚਾਹੀਦਾ ਹੈ। ਸਟੇਟ ਅਵਾਰਡੀ ਰਜਿੰਦਰ ਵਰਮਾ ਨੇ



ਰਾਸ਼ਟਰੀ ਸੇਵਾ ਯੋਜਨਾ ਵਿਭਾਗ ਦੀ ਮਹੱਤਤਾ ਬਾਰੇ ਭਾਸ਼ਣ ਦਿੰਦਿਆਂ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਖੂਨਦਾਨ ਕਰਨ ਲਈ ਪ੍ਰੇਰਿਆ। ਪ੍ਰਿੰਸੀਪਲ ਬਿਕਰਮਜੀਤ ਸਿੰਘ ਨੇ ਖੂਨਦਾਨੀਆਂ ਦੀ ਹੌਸਲਾ ਹਫਜਾਈ ਕਰਦਿਆਂ ਖੁਦ ਇੱਕ ਯੂਨਿਟ ਦਾਨ ਦੇ ਕੇ ਮਿਸਾਲ ਪੈਦਾ ਕੀਤੀ। ਉਨ੍ਹਾਂ ਕਿਹਾ ਕਿ ਮੈਂ ਇਸ ਤੋਂ ਪਹਿਲਾ ਕਈ ਵਾਰ ਖੂਨਦਾਨ ਕੀਤਾ ਹੈ ਅਤੇ ਖੂਨ ਦਾਨ ਤੋਂ ਬਾਅਦ ਸਰੀਰ ਤੰਦਰੁਸਤ ਹੁੰਦਾ ਹੈ। ਇਸ ਕੈਂਪ ਵਿੱਚ ਸਿਵਲ ਹਸਪਤਾਲ ਮਾਨਸਾ ਤੋਂ ਵਿਸ਼ੇਸ਼ ਟੀਮ ਡਾ. ਹਿਮਾਂਸ਼ੀ ,ਅਮਨ ਸਿੰਘ,ਪ੍ਰਗਟ ਸਿੰਘ ਮੌਜੂਦ ਸਨ।ਇਸ ਕੈਂਪ ਵਿੱਚ 26 ਯੂਨਿਟ ਖੂਨਦਾਨ ਕੀਤਾ ਗਿਆ। ਇਸ ਵਿੱਚ ਵਿਸ਼ੇਸ਼ ਤੌਰ ਤੇ ਸੰਸਥਾ ਦੇ ਪ੍ਰੋਫੈਸਰ ਅਨੰਦ ਵਰਧਨ, ਡਾ. ਸ਼ਰਵਣ ਕੁਮਾਰ, ਡਾ.ਇੰਦਰਜੀਤ ਸਿੰਘ, ਡਾ. ਰਿਸ਼ੀ ਕੁਮਾਰ, ਪ੍ਰੋਫੈਸਰ ਧਰਮਿੰਦਰ ਸਿੰਘ, ਪ੍ਰੋਫੈਸਰ ਅਮਨ ਕੁਮਾਰ, ਸ. ਅਮਨਪ੍ਰੀਤ ਸਿੰਘ ਅਤੇ ਜਸਵੰਤ ਸਿੰਘ ਨੇ ਖੂਨਦਾਨ ਕੀਤਾ। ਇਸ ਮੌਕੇ ਡਾ. ਸੁਖਵਿੰਦਰ ਕੌਰ, ਡਾ. ਕੁਲਵੰਤ ਸਿੰਘ, ਡਾ. ਰਾਜਨਦੀਪ ਕੌਰ, ਡਾ. ਰੁਪਿੰਦਰ ਕੌਰ, ਪ੍ਰੋਫੈਸਰ ਕੁਲਬੀਰ ਕੌਰ, ਅਤੇ ਪ੍ਰੋਗਰਾਮ ਅਫਸਰ ਡਾ. ਗੁਰਜਸਜੀਤ ਕੌਰ,ਪ੍ਰੋਫੈਸਰ ਮਨੀਸ਼ਾ ਰਾਣੀ, ਡਾ. ਰਿਸ਼ੀ, ਪ੍ਰੋਫੈਸਰ ਸਿਮਰਨਜੀਤ ਸਿੰਘ ਅਤੇ ਡਿੰਪਲ ਫਰਮਾਹੀ ਸ਼ਾਮਿਲ ਸਨ। ਇਸ ਮੌਕੇ ਧੰਨਵਾਦ ਅਤੇ ਮੰਚ ਸੰਚਾਲਨ ਪ੍ਰੋਗਰਾਮ ਅਫਸਰ ਗੁਰਦੀਪ ਸਿੰਘ ਨੇ ਕੀਤਾ।